ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**,ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)**
**ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)**
**ਸਮੂਹ ਡਾਇਟ ਪ੍ਰਿੰਸੀਪਲ,**
**ਸਮੂਹ ਬੀ.ਪੀ.ਈ.ਓ. ਸਾਹਿਬਾਨ,**
**ਸਮੂਹ ਸਕੂਲ ਮੁੱਖੀ**
**ਪੰਜਾਬ।**

**ਮੀਮੋ ਨੰ:**-SCERT/PPPP/PRI./2020275783 **ਮਿਤੀ:** 03.11.2020

**ਵਿਸ਼ਾ:- ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੰਜਾਬੀ ਹਫ਼ਤਾ ਮਨਾਉਣ ਸਬੰਧੀ।**

**1.0** ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਿੱਖਿਆ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਹਫ਼ਤਾ ਮਨਾਇਆ ਜਾ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਸਬੰਧੀ ਸਕੂਲ ਸਿੱਖਿਆ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪਸਾਰ ਸਬੰਧੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਧਿਆਨ 'ਚ ਰੱਖਦੇ ਹੋਏ ਸਕੂਲ ਪੱਧਰ 'ਤੇ ਆਨਲਾਈਨ/ਆਫਲਾਈਨ ਸਹਿ ਵਿੱਦਿਅਕ ਮੁਕਾਬਲੇ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਜਿਸ ਤਹਿਤ ਵੱਖ-ਵੱਖ ਮਿਤੀਆਂ ਨੂੰ ਪ੍ਰਤੀਯੋਗਤਾਵਾਂ ਕਰਵਾਈਆਂ ਜਾਣੀਆਂ ਹਨ ਜਿਨ੍ਹਾਂ ਦਾ ਸਬੰਧੀ ਹਦਾਇਤਾਂ, ਤਰੀਕਾਂ, ਵਿਸ਼ਾ, ਨਿਯਮ, ਜੱਜਮੈਂਟ ਦੇ ਮਾਪਦੰਡ ਅਤੇ ਅੰਕ ਵੰਡ ਨਿਮਨਲਿਖਤ ਅਨੁਸਾਰ ਹੈ:-

3.0 ਪੰਜਾਬੀ ਭਾਸ਼ਾ ਨਾਲ ਸਬੰਧਤ ਸਮਾਗਮ/ਪ੍ਰਤੀਯੋਗਤਾਵਾਂ ਹੇਠ ਲਿਖੀਆਂ ਮਿਤੀਆਂ 'ਤੇ ਨਿਯਮਾਂ ਅਨੁਸਾਰ ਕਰਵਾਈਆਂ ਜਾਣੀਆਂ ਹਨ:-

| ਮਿਤੀ | ਸਮਾਂ | | ਜਿਨ੍ਹਾਂ ਵੱਲੋਂ ਭਾਗ ਲਿਆ ਜਾਣਾ ਹੈ। |
|---|---|---|---|
| 03.11.2020 | ਸ਼ਾਮ 4.30 ਵਜੇ ਤੋਂ 5.30 ਵਜੇ ਤੱਕ | ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਆਨਲਾਈਨ ਸਮਾਗਮ ਤਹਿਤ ਪੰਜਾਬੀ ਹਫ਼ਤੇ ਦੇ ਸਮਾਗਮ ਦੇ ਸ਼ੁਰੂਆਤ ਕਰਨਗੇ। | 1. ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਮੁੱਖੀ ਅਤੇ ਦੂਜੇ ਅਧਿਆਪਕ<br>2. ਰਾਜ ਦੇ ਸਮੂਹ ਸਰਕਾਰੀ ਮਿਡਲ/ ਹਾਈ/ ਸੀਨੀਅਰ ਸੈਕੰਡਰੀ ਸਕੂਲਾਂ ਦੇ ਪੰਜਾਬੀ ਅਧਿਆਪਕ ਅਤੇ ਸਕੂਲ ਮੁੱਖੀ ਬਾਕੀ ਅਧਿਆਪਕਾਂ ਨਾਲ ਮਿਲਕੇ ਭਾਗ ਲੈਣਗੇ। |

| ਮਿਤੀ | ਪ੍ਰਤੀ ਯੋਗਤਾ ਦਾ ਨਾਮ | ਪ੍ਰਤੀਯੋਗਤਾ ਦਾ ਸਮਾਂ |
|---|---|---|
| 04.11.2020 | ਕਵਿਤਾ ਉਚਾਰਣ | 03 ਤੋਂ 05 ਮਿੰਟ |
| 05.11.2020 | ਸੁੰਦਰ ਲਿਖਾਈ ਤੇ ਸਲੋਗਨ ਲਿਖਣ ਮੁਕਾਬਲਾ | 1. ਪ੍ਰਾਇਮਰੀ/ਮਿਡਲ ਪੱਧਰ ਲਈ 40 ਮਿੰਟ<br>2. ਹਾਈ/ਸੈਕੰਡਰੀ ਪੱਧਰ ਲਈ 30 ਮਿੰਟ |
| 06.11.2020 | ਭਾਸ਼ਣ ਮੁਕਾਬਲਾ | 3 ਤੋਂ 4 ਮਿੰਟ |
| 07.11.2020 | • ਲੋਕ ਗੀਤ/ਗੀਤ<br>• ਕਵੀਸ਼ਰੀ ਮੁਕਾਬਲਾ | • 3 ਤੋਂ 4 ਮਿੰਟ<br>• 3 ਤੋਂ 5 ਮਿੰਟ |

4.0 ਉਪਰੋਕਤ ਮੁਕਬਾਲਿਆਂ ਲਈ ਨਿਯਮ, ਅੰਕ ਅਤੇ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

**4.1 ਕਵਿਤਾ ਉਚਾਰਣ ਮੁਕਾਬਲੇ**

**4.1.1 ਨਿਯਮ**

- ਕਵਿਤਾ ਪੰਜਾਬੀ ਮਾਂ ਬੋਲੀ ਦੀ ਉਸਤਤ ਤੇ ਇਸ ਦੇ ਹੋਰਨਾਂ ਅਮੀਰ ਪੱਖਾਂ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ।
- ਸਮਾਂ (ਸਾਰੇ ਵਰਗਾਂ ਲਈ) 3 ਤੋਂ 5 ਮਿੰਟ ਹੋਵੇਗਾ।
- ਕਵਿਤਾ ਪੜ੍ਹਕੇ ਨਹੀਂ ਬੋਲੀ ਜਾਵੇਗੀ।
- ਇਸ ਮੁਕਾਬਲੇ ਵਿਚ ਸਾਜ਼ ਵਰਤਣ ਦੀ ਮਨਾਹੀ ਹੈ।
- ਕਵਿਤਾ ਦਾ ਮਾਧਿਅਮ ਪੰਜਾਬੀ ਹੋਵੇਗਾ।
- ਕਵਿਤਾ ਦਾ ਸਮਾਂ ਪ੍ਰਤੀਯੋਗੀ ਦੇ ਸੰਬੋਧਨ ਤੋਂ ਨੋਟ ਕੀਤਾ ਜਾਵੇਗਾ।

**4.1.2 ਕਵਿਤਾ ਉਚਾਰਣ ਸਬੰਧੀ ਜੱਜਮੈਂਟ ਦੇ ਮਾਪ ਦੰਡ:-**

- ਕਵਿਤਾ ਦੇ ਵਿਸ਼ੇ ਦੀ ਚੋਣ: 5 ਅੰਕ
- ਕਵਿਤਾ ਦੇ ਭਾਵਾਂ ਨਾਲ ਇੱਕਸੁਰਤਾ ਤੇ ਸੁਭਾਵਿਕਤਾ: 5 ਅੰਕ
- ਕਵਿਤਾ ਦੀ ਪੇਸ਼ਕਾਰੀ: 5 ਅੰਕ
- ਸਮੁੱਚਾ ਪ੍ਰਭਾਵ (ਸਵੈਵਿਸ਼ਵਾਸ਼):- 5 ਅੰਕ
- ਉਚਾਰਨ: 5 ਅੰਕ

**4.2 ਸੁੰਦਰ ਲਿਖਾਈ ਤੇ ਸਲੋਗਨ ਲਿਖਣ ਮੁਕਾਬਲਾ:-**

**4.2.0(ੳ) ਸੁੰਦਰ ਲਿਖਾਈ ਸਬੰਧੀ:-**

**4.2.1 ਸੁੰਦਰ ਲਿਖਾਈ ਪੰਜਾਬੀ ਭਾਸ਼ਾ ਦੀਆਂ ਮਾਣਮੱਤੀਆਂ ਰਚਨਾਵਾਂ 'ਚੋਂ ਜਾਂ ਸਕੂਲ ਦੇ ਅਧਿਆਪਕਾਂ ਵੱਲੋਂ ਤਿਆਰ ਕੀਤੇ ਪੈਰ੍ਹੇ (ਸਿਰਫ ਪੰਜਾਬੀ ਭਾਸ਼ਾ 'ਚ) 'ਤੇ ਅਧਾਰਿਤ ਹੋਵੇਗੀ।**

**4.2.2 ਸੁੰਦਰ ਲਿਖਾਈ ਲਿਖਣ ਸਬੰਧੀ ਨਿਯਮ:**

- ਸਮਾਂ:- ਪ੍ਰਾਇਮਰੀ/ਮਿਡਲ ਪੱਧਰ ਲਈ 40 ਮਿੰਟ ਤੇ ਹਾਈ/ਸੈਕੰਡਰੀ ਪੱਧਰ ਲਈ 30 ਮਿੰਟ ਹੋਵੇਗਾ।

- ਵਿਦਿਆਰਥੀ ਵੱਲੋਂ ਦਿੱਤੇ ਗਏ ਪੈਰ੍ਹੇ ਨੂੰ ਲਗਾਂ ਮਾਤਰਾਂ ਨਾਲ ਪੂਰਾ ਅਤੇ ਸਹੀ ਲਿਖਣਾ ਜ਼ਰੂਰੀ ਹੋਵੇਗਾ।
- ਪ੍ਰਾਇਮਰੀ ਵਰਗ ਲਈ ਸੁੰਦਰ ਲਿਖਾਈ ਦਾ ਪੈਰ੍ਹਾ ਲਗਭਗ 35 ਸ਼ਬਦਾਂ ਦਾ ਅਤੇ ਮਿਡਲ ਅਤੇ ਸੈਕੰਡਰੀ ਪੱਧਰ ਲਈ ਲਗਭਗ 50 ਸ਼ਬਦਾਂ ਦਾ ਹੋਵੇਗਾ।
- ਸੁੰਦਰ ਲਿਖਾਈ ਕਰਨ ਲਈ ਯੋਗ ਸਮੱਗਰੀ ਜਿਵੇ ਕਾਨੇ, ਬਾਂਸ, ਬਰੂ ਦੀ ਕਲਮ, ਸਿਆਹੀ ਅਤੇ ਵਧੀਆ ਕਾਗਜ਼ ਆਦਿ ਦੀ ਵਰਤੋਂ ਲਾਜ਼ਮੀ ਹੈ।
- ਹਰ ਵਰਗ ਦੇ ਵਿਦਿਆਰਥੀ ਸਾਦੀ ਕਾਲੀ/ਨੀਲੀ ਸਿਆਹੀ (ਕੇਵਲ ਇੱਕ ਰੰਗ ਦੀ ਸਿਆਹੀ) ਦੀ ਵਰਤੋਂ ਕਰਨਗੇ। ਕਿਸੇ ਵੀ ਕਿਸਮ ਦੇ ਪੈਨ, ਨਿੱਬ ਅਤੇ ਹੋਰ ਕਿਸੇ ਕਿਸਮ ਦੇ ਫਲਿਊਡ ਦੀ ਵਰਤੋਂ ਦੀ ਮਨਾਹੀ ਹੈ।
- ਸੁੰਦਰ ਲਿਖਾਈ ਲਈ ਸੀਟ ਏ 3 (12 ਇੰਚ ਗੁਣਾ 17 ਇੰਚ) ਤੋਂ ਘੱਟ ਨਹੀਂ ਹੋਣੀ ਚਾਹੀਦੀ ਹੈ।
- ਪ੍ਰਤੀਯੋਗੀ ਆਪਣੇ ਅੱਖਰਾਂ ਦੇ ਅਕਾਰ ਅਨੁਸਾਰ ਪੈਨਸਲ ਨਾਲ ਕਿਸੇ ਵੀ ਪੈਮਾਇਸ਼ (ਸਾਈਜ਼) 'ਚ ਲਾਈਨਾਂ ਲਗਾਕੇ, ਆਪਣੀ ਲਿਖਾਈ ਦੀ ਪੇਸ਼ਕਾਰੀ ਕਰ ਸਕਦਾ ਹੈ।

**4.2.3 ਜੱਜਮੈਂਟ ਕਰਨ ਲਈ ਮਾਪਦੰਡ ਅਤੇ ਅੰਕ ਵੰਡ:-**

- ਪੈਰ੍ਹੇ ਨੂੰ ਸਾਫ਼ ਅਤੇ ਸੁੰਦਰ ਲਿਖਣਾ:- 05 ਅੰਕ
- ਲਿਖਾਈ ਵਿੱਚ ਸ਼ਬਦ ਜੋੜਾਂ ਦੀ ਸ਼ੁੱਧਤਾ, ਪੜ੍ਹਨਯੋਗ, ਬਿਨਾਂ ਕਟਿੰਗ, ਬਿਨਾਂ ਗਲਤੀ, ਅੱਖਰਾਂ ਅਤੇ ਲਗਾਂ ਮਾਤਰਾਵਾਂ ਦੀ ਠੀਕ ਬਣਾਵਟ:- 10 ਅੰਕ।
- ਮੌਲਿਕਤਾ, ਅੱਖਰਾਂ ਅਤੇ ਲਗਾਂ ਦੀ ਇੱਕਸਾਰਤਾ:- 5 ਅੰਕ।
- ਲਿਖਾਈ ਦੀ ਇੱਕਸਾਰਤਾ, ਅੱਖਰਾਂ ਅਤੇ ਸ਼ਬਦਾਂ ਵਿੱਚ ਆਪਸੀ ਫਾਸਲਾ, ਸ਼ੀਟ ਉੱਤੇ ਲਿਖੇ ਅੱਖਰਾਂ ਵਿੱਚ ਫਾਸਲੇ ਦੀ ਇੱਕਸਾਰਤਾ:- 5 ਅੰਕ।
- ਸਮੁੱਚਾ ਪ੍ਰਭਾਵ :- 05 ਅੰਕ।

**4.2.4 (ਅ) ਸਲੋਗਨ ਸਬੰਧੀ ਨਿਯਮ:-**

- ਸਲੋਗਨ ਪੰਜਾਬੀ ਭਾਸ਼ਾ ਦੀ ਉਸਤਤ ਤੇ ਹੋਰਨਾਂ ਅਮੀਰ ਪੱਖਾਂ 'ਤੇ ਅਧਾਰਤ ਹੋਵੇਗਾ। ਪ੍ਰਾਇਮਰੀ ਵਰਗ ਲਈ ਸ਼ੀਟ ਦਾ ਅਕਾਰ: 11 *15 ਇੰਚ (ਏ ਫੋਰ ਸਾਈਜ਼) ਮਿਡਲ ਤੇ ਸੈਕੰਡਰੀ ਵਰਗ ਲਈ ਸ਼ੀਟ ਦਾ ਅਕਾਰ: 20 *15 ਇੰਚ (ਹਾਫ ਸਾਈਜ਼) ਹੋਵੇਗਾ।
- ਸਲੋਗਨ ਲਿਖਣ ਲੱਗਿਆ ਉੱਪਰ-ਥੱਲੇ ਤੇ ਸੱਜੇ-ਖੱਬੇ ਸਪੇਸ ਦੀ ਬਰਾਬਰਤਾ ਦਾ ਧਿਆਨ ਰੱਖਿਆ ਜਾਵੇ।
- ਸਲੋਗਨ ਨੂੰ ਵਧੀਆ ਬਣਾਉਣ ਲਈ 3 ਡੀ ਰੂਪ ਵਿੱਚ ਵੀ ਬਣਾਇਆ ਜਾ ਸਕਦਾ ਹੈ।
- ਸਲੋਗਨ ਕਿਸੇ ਵੀ ਰੰਗ ਨਾਲ ਬਣਾਇਆ ਜਾ ਸਕਦਾ ਹੈ।
- ਸਲੋਗਨ ਨਾਲ ਸਬੰਧਤ ਸੰਕੇਤਕ ਚਿੱਤਰ ਵੀ ਬਣਾਇਆ ਜਾ ਸਕਦਾ ਹੈ।

**4.2.5 ਸਲੋਗਨ ਮੁਕਾਬਲੇ ਲਈ ਜੱਜਮੈਂਟ ਕਰਨ ਲਈ ਮਾਪਦੰਡ ਅਤੇ ਅੰਕ ਵੰਡ:-**

- ਆਪਾ ਪ੍ਰਗਟਾਅ-05
- ਡਰਾਇੰਗ-10
- ਰੰਗ ਯੋਜਨਾ-05
- ਸਮੁੱਚਾ ਪ੍ਰਭਾਵ-10

### 4.3 ਭਾਸ਼ਣ ਮੁਕਾਬਲਾ

**4.3.1 ਭਾਸ਼ਣ ਮੁਕਾਬਲਾ ਸਬੰਧੀ ਨਿਯਮ ਅਤੇ ਹਦਾਇਤਾਂ:-**

- ਭਾਸ਼ਣ ਕੇਵਲ ਪੰਜਾਬੀ ਬੋਲੀ ਦੇ ਪਸਾਰ, ਸਾਹਿਤ, ਉਸਤਤ ਤੇ ਪ੍ਰਾਪਤੀਆਂ 'ਤੇ ਅਧਾਰਿਤ ਹੋਵੇਗਾ।
- ਸਮਾਂ (ਸਾਰੇ ਵਰਗਾਂ ਲਈ) 3 ਤੋਂ 4 ਮਿੰਟ
- ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ।
- ਭਾਸ਼ਣ ਦਾ ਮਾਧਿਅਮ ਪੰਜਾਬੀ ਹੋਵੇਗਾ।
- ਭਾਸ਼ਣ ਦਾ ਸਮਾਂ ਸੰਬੋਧਨ ਕਰਨ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵੀ ਵਿਦਿਆਰਥੀ ਬੋਲਦਾ ਹੈ ਸਮੇਂ ਦੀ ਹੋਂਦ ਵਿਚ ਸ਼ਾਮਿਲ ਕੀਤਾ ਜਾਵੇਗਾ।

**4.3.2 ਭਾਸ਼ਣ ਮੁਕਾਬਲਾ ਸਬੰਧੀ ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ:-**

- ਵਿਸ਼ਾ ਵਸਤੂ:- 10 ਅੰਕ
- ਭਾਸ਼ਾ:- 5 ਅੰਕ
- ਉਚਾਰਣ:- 5 ਅੰਕ
- ਸਹਿ-ਸੁਭਾਵਿਕਤਾ:- 5 ਅੰਕ
- ਸਮੁੱਚਾ ਪ੍ਰਭਾਵ (ਸਵੈਵਿਸ਼ਵਾਸ਼):- 5 ਅੰਕ

### 4.4 ਲੋਕਗੀਤ/ਗੀਤ ਤੇ ਕਵੀਸ਼ਰੀ ਮੁਕਾਬਲਾ

**4.4.0 (ੳ)ਲੋਕ ਗੀਤ/ਗੀਤ ਮੁਕਾਬਲਾ:-**

**4.4.1 ਲੋਕ ਗੀਤ/ਗੀਤ ਮੁਕਾਬਲਾ ਨਿਯਮ ਅਤੇ ਹਦਾਇਤਾਂ:-**

- ਇਸ ਮੁਕਾਬਲੇ ਲਈ ਸੱਭਿਅਕ ਤੇ ਉਸਾਰੂ ਲੋਕਗੀਤ/ਗੀਤ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨਾਲ ਸੰਬੰਧਤ ਹੋਣਗੇ।
- ਸਮਾਂ (ਸਾਰੇ ਵਰਗਾਂ ਲਈ):- 3 ਤੋਂ 4 ਮਿੰਟ
- ਗੀਤ ਪੜ੍ਹ ਕੇ ਨਹੀਂ ਗਾਏ ਜਾਣਗੇ।
- ਗੀਤ ਗਾਉਣ ਵਾਲਾ ਵਿਅਕਤੀ ਕੋਈ ਵੀ ਪਹਿਰਾਵਾ ਪਹਿਨ ਸਕਦਾ ਹੈ।
- ਗੀਤ ਵਿਚ ਲੋੜ ਅਨੁਸਾਰ ਸ਼ਾਜ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਪ੍ਰਤੀਯੋਗੀ ਤੋਂ ਇਲਾਵਾ ਦੋ ਸਾਜ਼ਿੰਦੇ ਸਾਜ਼ ਵਜਾਉਣ ਲਈ ਗਾਇਕ ਦਾ ਸਾਥ ਦੇ ਸਕਦੇ ਹਨ।
- ਗੀਤ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵਿਦਿਆਰਥੀ ਬੋਲਦਾ ਹੈ, ਸਮੇਂ ਦੀ ਹੋਂਦ ਵਿਚ ਸ਼ਾਮਲ ਕੀਤਾ ਜਾਵੇਗਾ।

**4.4.2 ਲੋਕ ਗੀਤ/ਗੀਤ ਸਬੰਧੀ ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ:-**

- ਗੀਤ ਦੀ ਪੇਸ਼ਕਾਰੀ: 5 ਅੰਕ
- ਲੈਅ ਅਤੇ ਅਵਾਜ਼: 10 ਅੰਕ
- ਸ਼ੁੱਧ ਉਚਾਰਨ: 5 ਅੰਕ
- ਸਾਜਾਂ ਨਾਲ ਤਾਲਮੇਲ: 5 ਅੰਕ
- ਸਮੁੱਚਾ ਪ੍ਰਭਾਵ (ਸਵੈਵਿਸ਼ਵਾਸ਼): 5 ਅੰਕ
- ਨੋਟ:- ਪ੍ਰਤੀਯੋਗੀ ਇਲੈਕਟ੍ਰਾਨਿਕ ਸਾਜ਼ਾਂ ਦੀ ਵਰਤੋਂ ਕਰ ਸਕਦੇ ਹਨ।

**4.4.3 (ਅ) ਕਵੀਸ਼ਰੀ ਮੁਕਾਬਲਾ**

**4.4.4 ਕਵੀਸ਼ਰੀ ਮੁਕਾਬਲੇ ਸਬੰਧੀ ਨਿਯਮ ਅਤੇ ਹਦਾਇਤਾ:-**

- ਕਵੀਸ਼ਰੀ ਮੁਕਾਬਲਾ ਪੰਜਾਬੀ 'ਚ ਹੋਵੇਗਾ ਅਤੇ ਪੰਜਾਬੀ ਭਾਸ਼ਾ ਦੀਆਂ ਮਿਆਰੀ ਰਚਨਾਵਾਂ, ਉਸਤਤ ਆਦਿ ਵਿਸ਼ਿਆਂ ਨਾਲ ਸਬੰਧਤ ਪੇਸ਼ਕਾਰੀਆਂ 'ਤੇ ਅਧਾਰਤ ਹੋਵੇਗਾ।
- ਕਵੀਸ਼ਰੀ ਲਈ ਘੱਟੋ-ਘੱਟ 2 ਤੇ ਵੱਧ ਤੋਂ ਵੱਧ 3 ਵਿਦਿਆਰਥੀਆਂ 'ਤੇ ਅਧਾਰਤ ਟੀਮ ਹੋਵੇਗੀ।
- ਸਾਰੇ ਵਰਗਾਂ 'ਚ ਸਮਾਂ 3 ਤੋਂ 5 ਮਿੰਟ ਹੋਵੇਗਾ।

**4.4.5 ਕਵੀਸ਼ਰੀ ਮੁਕਾਬਲੇ ਸਬੰਧੀ ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ:-**

- ਤਾਲਮੇਲ-5
- ਵਿਸ਼ਾ- 10
- ਸਮੁੱਚਾ ਪ੍ਰਭਾਵ- 5
- ਪੇਸ਼ਕਾਰੀ- 5
- ਪਹਿਰਾਵਾ - 5

5.0 ਇਹਨਾਂ ਪ੍ਰਤੀਯੋਗਤਾਵਾਂ ਸਬੰਧੀ ਜ਼ਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹੈ:-

5.1 ਪੰਜਾਬ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ ਅਧਿਆਪਕਾਂ ਨਾਲ ਮਿਲਕੇ ਪੰਜਾਬੀ ਹਫ਼ਤਾ ਮਨਾਉਣਗੇ।

5.2 ਇਹਨਾਂ ਮੁਕਾਬਲਿਆਂ ਦੌਰਾਨ ਪ੍ਰਤੀਯੋਗੀ ਸਿਰਫ ਪੰਜਾਬੀ ਭਾਸ਼ਾ 'ਚ ਪੰਜਾਬੀ ਭਾਸ਼ਾ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਅਧਾਰਤ ਪੇਸ਼ਕਾਰੀਆਂ ਕਰਨਗੇ। ਸਕੂਲ ਮੁਖੀ ਤੇ ਸਮੂਹ ਅਧਿਆਪਕ ਇਨ੍ਹਾਂ ਮੁਕਾਬਲਿਆਂ 'ਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣੀ ਯਕੀਨੀ ਬਣਾਉਣਗੇ।

5.3 ਮੁਕਾਬਲਿਆਂ ਦਾ ਆਯੋਜਨ ਪ੍ਰਾਇਮਰੀ, ਮਿਡਲ ਤੇ ਹਾਈ/ਸੈਕੰਡਰੀ ਜਮਾਤਾਂ ਅਨੁਸਾਰ ਵਰਗ ਬਣਾ ਕੇ ਕੀਤਾ ਜਾਵੇ।

5.4 ਸੈਕੰਡਰੀ/ਹਾਈ ਤੇ ਮਿਡਲ ਸਕੂਲਾਂ 'ਚ ਪ੍ਰਤੀਯੋਗਤਾਵਾਂ ਦਾ ਸੰਚਾਲਨ ਪੰਜਾਬੀ ਵਿਸ਼ੇ ਦੇ ਅਧਿਆਪਕਾਂ ਵੱਲੋਂ ਸਕੂਲ ਮੁਖੀ ਦੀ ਅਗਵਾਈ 'ਚ ਕੀਤਾ ਜਾਵੇਗਾ ਅਤੇ ਬਾਕੀ ਸਟਾਫ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ ਦੀ ਜ਼ਿੰਮੇਵਾਰੀ ਨਿਭਾਏਗਾ। ਪ੍ਰਾਇਮਰੀ ਪੱਧਰ 'ਤੇ ਸਕੂਲ ਮੁਖੀ ਦੀ ਅਗਵਾਈ 'ਚ ਸਟਾਫ਼ ਵੱਲੋਂ ਸਮੁੱਚੀ ਪ੍ਰਤੀਯੋਗਤਾ ਦਾ ਸੰਚਾਲਨ ਕੀਤਾ ਜਾਵੇਗਾ।

5.5 ਇੱਕ ਵਿਦਿਆਰਥੀ ਵੱਧ ਤੋਂ ਵੱਧ ਦੋ ਮੁਕਾਬਲਿਆਂ 'ਚ ਹਿੱਸਾ ਲੈ ਸਕਦਾ ਹੈ।

5.6 ਮੁਕਾਬਲਿਆਂ ਤੋਂ ਇਲਾਵਾ ਪੰਜਾਬੀ ਸਾਹਿਤ ਨਾਲ ਜੁੜੀ ਕਿਸੇ ਸ਼ਖਸ਼ੀਅਤ ਨੂੰ ਸਿਰਫ਼ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਰੂਬਰੂ ਵੀ ਕਰਵਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਪੰਜਾਬੀ ਸਾਹਿਤਕਾਰਾਂ/ਵਿਦਵਾਨਾਂ ਦੇ ਚਿੱਤਰ ਵੀ ਬਣਾਏ ਜਾਣ ਅਤੇ ਸਾਹਿਤਕਾਰਾਂ ਤੱਕ ਪੁੱਜਦੇ ਕੀਤੇ ਜਾਣ।

5.7 ਪੰਜਾਬੀ ਭਾਸ਼ਾ ਨਾਲ ਸਬੰਧਤ ਸਾਰੀਆਂ ਪ੍ਰਤੀਯੋਗਤਾਵਾਂ ਦਾ ਪ੍ਰਿੰਟ/ਸੋਸ਼ਲ ਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਵੱਧ ਤੋਂ ਵੱਧ ਤੋਂ ਪ੍ਰਚਾਰ-ਪਸਾਰ ਕੀਤਾ ਜਾਵੇ।

5.8 ਹਰੇਕ ਵਿਦਿਆਰਥੀ ਆਪਣੀ ਪੇਸ਼ਕਾਰੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਹੇਠ ਲਿਖੇ ਹੈਸ਼ਟੈਗ ਲਗਾ ਕੇ ਸ਼ੇਅਰ ਕਰੇਗਾ ਅਤੇ ਜੇਤੂ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਸਕੂਲ ਮੁਖੀ ਵੱਲੋਂ ਸਕੂਲ ਦੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਨਿਮਨਲਿਖਤ ਹੈਸ਼ਟੈਗ ਲਗਾ ਕੇ

ਸ਼ੇਅਰ ਕੀਤੀਆਂ ਜਾਣ:-#punjabiweek2020, #punjabihafta2020, #schooleducationdepartmentpunjab

5.9 ਮੁਕਾਬਲਿਆਂ ਵਿੱਚ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਮਾਣ-ਸਨਮਾਨ ਦਿੱਤਾ ਜਾਵੇ।

**6.0** ਉਪਰੋਕਤ ਅਨੁਸਾਰ ਪੰਜਾਬੀ ਹਫ਼ਤਾ ਮਨਾਉਣ ਸਬੰਧੀ ਕਰਵਾਈਆਂ ਜਾਣ ਵਾਲੀਆਂ ਪ੍ਰਤੀਯੋਗਤਾਵਾਂ ਨੂੰ ਜ਼ਿੰਮੇਵਾਰੀ ਨਾਲ ਨੇਪਰੇ ਚਾੜ੍ਹਿਆਂ ਜਾਵੇ।

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

**ਪਿੱਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਸੈ.ਸਿੱ), ਪੰਜਾਬ।
4. ਡੀ.ਪੀ.ਆਈ. (ਐ.ਸਿੱ), ਪੰਜਾਬ।

**ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।**